Impact Factor (SJIF): 6.126 E-ISSN: 2583-1615, P-ISSN: 3049-3498

International Journal of Research in Academic World

**Received**: 07/October/2025 **IJRAW:** 2025; 4(11):170-172 **Accepted:** 18/November/2025

# ਪੁਰਾਤਨ ਜਨਮਸਾਖੀਆਂ ਵਿਚਲੀਆਂ ਕਥਾਨਕ ਰੂੜੀਆਂ ਦਾ ਅਧਿਐਨ

*[1]**ਡਾ. ਜਤਿੰਦਰ ਕੌਰ**

*[1]ਸਹਾਇਕ ਪ੍ਰੋਫ਼ੈਸਰ, ਗੁਰੂ ਨਾਨਕ ਕਾਲਜ, ਬੁਢਲਾਡਾ, ਪੰਜਾਬ, ਭਾਰਤ

**ਸੰਖੇਪ**

ਜਨਮਸਾਖੀ ਸਾਹਿਤ ਦਾ ਪੰਜਾਬੀ ਵਾਰਤਕ ਸਾਹਿਤ ਵਿਚ ਨਿਵੇਕਲਾ ਸਥਾਨ ਹੈ। ਗੁਰੂ ਨਾਨਕ ਦੇਵ ਜੀ ਨਾ ਕੇਵਲ ਧਾਰਮਿਕ ਰਹਿਬਰ ਸਨ ਸਗੋਂ ਯੁਗ ਪੁਰਸ਼ ਵੀ ਸਨ। 'ਪੁਰਾਤਨ ਜਨਮਸਾਖੀ' ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਪੇਸ਼ ਕਰਨ ਦਾ ਮੁੱਖ ਸ੍ਰੋਤ ਹੈ। ਪੁਰਾਤਨ ਜਨਮਸਾਖੀ ਦਾ ਮੁੱਖ ਉਦੇਸ਼ ਗੁਰੂ ਜੀ ਦੇ ਲੋਕਿਕ ਰੂਪ ਦੀ ਥਾਂ ਅਲੌਕਿਕ ਸਰੂਪ ਦੇ ਮਹੱਤਵ ਨੂੰ ਦੱਸਣਾ ਹੈ। ਜਨਮਸਾਖੀ ਵਿਚਲੀਆਂ ਵੱਖ-ਵੱਖ ਕਥਾਨਕ ਰੂੜੀਆਂ ਅਤੇ ਬਿਰਤਾਂਤ ਲੋਕਾਂ ਦੀ ਰਹਿਣੀ-ਬਹਿਣੀ ਅਤੇ ਸਮੁੱਚੀ ਜੀਵਨ ਜਾਂਚ ਦੀ ਝਲਕ ਪੇਸ਼ ਕਰਦੀਆਂ ਹਨ। ਜਨਮਸਾਖੀਆਂ ਦਾ ਵਿਸ਼ੇਸ਼ ਸਭਿਆਚਾਰਕ ਮਹੱਤਵ ਹੁੰਦਾ ਹੈ। ਇਹ ਲੋਕ ਸਭਿਆਚਾਰ ਦਾ ਬਹੁਤ ਕੀਮਤੀ ਸਰਮਾਇਆ ਹਨ।

**ਮੁਖ੍ਯ ਸ਼ਬਦ:** ਜਨਮਸਾਖੀ, ਗੁਰੂ ਨਾਨਕ ਦੇਵ ਜੀ, ਕਥਾਨਕ ਰੂੜੀ, ਕਰਾਮਾਤ, ਸਭਿਆਚਾਰ।

## ਜਾਣ-ਪਛਾਣ

ਜਨਮਸਾਖੀ ਪਰੰਪਰਾ ਪੰਜਾਬੀ ਵਾਰਤਕ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ। ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਜਨਮਸਾਖੀ ਪਰੰਪਰਾ ਨਾਲ ਹੀ ਹੁੰਦਾ ਹੈ। ਸਹੀ ਅਰਥਾਂ ਵਿਚ ਜੇ ਪੰਜਾਬੀ ਸਾਹਿਤ ਵਿੱਚ ਗੱਦ ਰਚਨਾਵਾਂ ਮਿਲਦੀਆਂ ਹਨ ਤਾਂ ਉਹ ਹਨ ਗੁਰੂ ਨਾਨਕ ਦੇਵ ਜੀ ਦੇ ਅਤਿ ਮਾਨਵੀ ਰੂਪ ਦੀ ਪੇਸ਼ ਕਰਦੀਆਂ ਜਨਮਸਾਖੀਆਂ ਹਨ। ਜਨਮਸਾਖੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਜਨਮ ਤੋਂ ਭਾਵ ਪੈਦਾ ਹੋਣ ਦੀ ਕਿਰਿਆ ਸਾਖੀ ਤੋਂ ਭਾਵ ਗਵਾਹੀ। ਡਾ. ਸੁਰਜੀਤ ਹਾਸ ਅਨੁਸਾਰ ਸਾਖੀ ਦਾ ਅਰਥ ਗਵਾਹੀ ਨਹੀਂ ਬਲਕਿ ਲੌਕਿਕ ਜਗਤ ਵਿਚ ਦੈਵੀ ਸ਼ਕਤੀ ਦੇ ਦਖਲ ਦੀ ਗਵਾਹੀ ਹੈ [1]।

ਜਨਮ ਤੋਂ ਭਾਵ ਕੇਵਲ ਪੈਦਾਇਸ ਨਹੀਂ ਸਗੋਂ ਸਾਰਾ ਜੀਵਨ ਹੈ ਇਸ ਤਰਾਂ ਸਥੂਲ ਰੂਪ ਵਿਚ ਜਨਮਸਾਖੀ ਤੋਂ ਭਾਵ ਕਿਸੇ ਮਹਾਂਪੁਰਸ਼ ਦਾ ਅਧਿਆਤਮਿਕ ਜੀਵਨ ਬਿਰਤਾਂਤ ਹੈ ਇਸ ਵਿਚ ਉਸ ਦੇ ਬਚਨ ਇਸ ਢੰਗ ਨਾਲ ਜੋੜੇ ਗਏ ਹੋਣ ਕਿ ਜਿਗਿਆਸੂਆਂ ਦੇ ਨਿੱਤ ਦੇ ਜੀਵਨ ਵਿਚ ਕਦੇ-ਕਦੇ ਨੈਤਿਕ, ਅਧਿਆਤਮਿਕ ਅਤੇ ਵਿਵਹਾਰਿਕ ਸਮੱਸਿਆਵਾਂ ਦੇ ਪ੍ਰਸਤੁਤ ਹੋਣ ਤੇ ਉਨਾਂ ਦੇ ਸਮਾਧਾਨ ਲਈ ਸੰਕੇਤਿਕ ਉਪਾ ਪ੍ਰਾਪਤ ਕੀਤੇ ਜਾ ਸਕਣ[2]। ਪੰਜਾਬੀ ਸਾਹਿਤ ਵਿਚ ਜਨਮਸਾਖੀ ਸ਼ਬਦ ਦੇ ਪੂਰਨ ਅਰਥ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀ ਸੰਗ੍ਰਹਿ ਹੈ। ਜਨਮਸਾਖੀ ਸਾਹਿਤ ਪੂਰਨ ਤੌਰ ਤੇ ਜੀਵਨੀ ਸਾਹਿਤ ਨਹੀਂ ਕਿਉਂਕਿ ਇਸ ਦੀ ਪ੍ਰਕਿਤੀ ਮਿਥਕ ਹੈ। ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦਾ ਇਤਿਹਾਸਕ ਨਹੀਂ ਸਗੋਂ ਪੌਰਾਣਿਕ ਮੁਹਾਂਦਰਾ ਉਘਾੜਦੀਆਂ ਹਨ। ਜਨਮਸਾਖੀ ਪਰੰਪਰਾ ਵਿਚ ਭਾਵੇਂ ਕਈ ਜਨਮਸਾਖੀਆਂ ਲਿਖੀਆਂ ਗਈਆਂ ਹਨ ਜਿਨ੍ਹਾਂ ਵਿਚ ਮਿਹਰਬਾਨ ਵਾਲੀ ਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਆਦਿ ਸਾਖੀਆਂ ਸ਼ਾਮਿਲ ਹਨ ਪਰ ਪੁਰਾਤਨ ਜਨਮਸਾਖੀ ਇਨਾਂ ਜਨਮਸਾਖੀਆਂ ਵਿਚ ਆਪਣੀ ਇਕ ਵੱਖਰੀ ਪਛਾਣ ਰੱਖਦੀ ਹੈ। ਪੁਰਾਤਨ ਜਨਮਸਾਖੀ ਪੰਜਾਬੀ ਜਨਮਸਾਖੀ ਪਰੰਪਰਾ ਦੀ ਪਹਿਲੀ ਰਚਨਾ ਹੈ। ਇਹ ਇਕ ਅਜਿਹੀ ਰਚਨਾ ਹੈ ਜਿਸ ਨੂੰ ਆਧਾਰ ਬਣਾ ਕੇ ਹੋਰ ਜਨਮਸਾਖੀਆਂ ਲਿਖੀਆਂ ਗਈਆਂ ਹਨ। ਪੁਰਾਤਨ ਜਨਮਸਾਖੀ ਵਿਚੋਂ ਇਸ ਦੇ ਕਰਤਾ ਤੇ ਰਚੇ ਜਾਣ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਸ ਦੀ ਪਹਿਲੀ ਹੱਥ ਲਿਖਤ ਡਾ. ਟ੍ਰੰਪ ਨੂੰ 1872 ਵਿਚ ਲੱਭੀ ਸੀ। ਇਹ ਹੱਥ ਲਿਖਤ ਇੰਡੀਆ ਆਫਿਸ ਲਾਇਬ੍ਰੇਰੀ ਵਿਚ B-06 ਵਜੋਂ ਸੁਰੱਖਿਅਤ ਹੈ। ਭਾਰਤ ਵਿਚ ਪ੍ਰੋ: ਗੁਰਮੁਖ ਸਿੰਘ ਓਰੀਐਂਟਲ ਕਾਲਜ, ਲਾਹੌਰ ਨੂੰ ਇਸ ਦੀ ਇਕ ਕਾਪੀ 1883 ਵਿਚ ਪ੍ਰਾਪਤ ਹੋਈ[3]। ਰਤਨ ਸਿੰਘ ਜੱਗੀ ਅਨੁਸਾਰ ਪ੍ਰਾਚੀਨ ਸਾਹਿਤਕਾਰ ਇਤਨੇ ਸੰਕੋਚਸ਼ੀਲ ਹੁੰਦੇ ਸਨ ਕਿ ਲੇਖਕ ਦੇ ਰੂਪ ਵਿਚ ਆਪਣਾ ਨਾਮ ਦੇਣਾ ਪਸੰਦ ਨਹੀ ਸਨ ਕਰਦੇ। ਪੁਰਾਤਨ ਜਨਮਸਾਖੀ ਦੇ ਕਰਤਾ ਨੇ ਸੰਕੋਚਸ਼ੀਲਤਾ ਕਾਰਨ ਲੇਖਕ ਰੂਪ ਵਿਚ ਆਪਣਾ ਨਾਮ ਦੇਣਾ ਮੁਨਾਸਿਬ ਨਹੀਂ ਸਮਝਿਆ [4]।

ਮੱਧਕਾਲੀ ਕਥਾ ਸਾਹਿਤ ਦੇ ਨਿਰਮਾਣ ਵਿਚ ਕਥਾਨਕ ਰੂੜੀਆਂ ਦੀ ਮਹੱਤਵਪੂਰਨ ਦੇਣ ਹੈ। ਕਥਾਨਕ ਰੂੜੀ ਲਈ ਅੰਗਰੇਜੀ ਵਿਚ ਸਮਾਨਰਥਕ ਸ਼ਬਦ motif ਹੈ। motif ਸ਼ਬਦ ਲਾਤੀਨੀ ਭਾਸ਼ਾ ਦੀ ਕਿਰਿਆਂ movers ਤੋਂ ਬਣਿਆ ਹੈ ਜਿਸ ਦਾ ਅਰਥ ਹੈ to move । ਹੌਲੀ-ਹੌਲੀ ਇਸ ਦੇ ਅਰਥ ਬਦਲ ਕੇ ਮਨੋਭਾਵ ਹੋ ਗਏ। ਕਥਾਨਕ ਰੂੜੀ ਕਿਸੇ ਕਥਾ ਕਹਾਣੀ ਦਾ ਉਹ ਛੋਟੇ ਤੋਂ ਛੋਟਾ ਤੱਤ ਹੈ ਜੋ ਆਪਣੇ ਆਪ ਵਿਚ ਸੰਪੂਰਨ ਅਰਥ ਰੱਖਦਾ ਹੈ ਅਤੇ ਮੁੱਢ ਕਦੀਮ ਤੋਂ ਅਨੇਕਾਂ ਕਹਾਣੀਆਂ ਵਿਚ ਦੁਹਰਾਏ ਜਾਣ ਕਰਕੇ ਕਥਾ ਪਰੰਪਰਾ ਦਾ ਅੰਗ ਬਣ ਗਿਆ ਹੁੰਦਾ ਹੈ [5]। ਸਟਿਥ ਥਾਮਸਨ ਦਾ ਵਿਚਾਰ ਹੈ ਕਿ ਕਥਾਨਕ ਰੂੜੀ ਕਥਾ ਦਾ ਲਘੂਤਮ ਤੱਤ ਹੈ ਜੋ ਪਰੰਪਰਾ ਵਿਚ ਸਥਿਰ ਰਹਿਣ ਦੀ ਸ਼ਕਤ ਰੱਖਦਾ ਹੈ। ਇਸ ਪ੍ਰਕਾਰ ਦੀ ਸ਼ਕਤੀ ਰੱਖਣ ਲਈ ਉਸ ਵਿਚ ਅਸਧਾਰਨਤਾ ਅਤੇ ਵਿਚਿਤਰਤਾ ਦਾ ਹੋਣ ਜਰੂਰੀ ਹੈ।[6]

ਕੋਈ ਐਸਾ ਸੰਜੀਵ ਤੇ ਸਾਰਥਿਕ ਤੱਤ ਕਥਾ ਰੂੜੀ ਬਣਦਾ ਹੈ ਜੋ ਵਿਲੱਖਣ ਗੁਣ ਦਾ ਧਾਰਨੀ ਹੋਵੇ। ਕਿਸੇ ਕਥਾ ਵਿਚ ਵਾਰ-ਵਾਰ ਅਜਿਹਾ ਤੱਤ ਦੁਹਰਾਏ ਜਾਣ ਕਰਕੇ ਆਪਣਾ ਪਹਿਲਾ ਰੂਪ ਗਵਾ ਕੇ ਕਾਲਪਨਿਕ ਰੂਪ ਧਾਰਨ ਕਰ ਲੈਂਦਾ ਹੈ ਜਿਵੇਂ ਮੁਰਗੀ ਦਾ ਅੰਡਾ ਦੇਣਾ ਸਧਾਰਨ ਗੱਲ ਹੈ ਪਰ ਮੁਰਗੀ ਦਾ



***Corresponding Author:** ਡਾ. ਜਤਿੰਦਰ ਕੌਰ

ਸੋਨੇ ਦਾ ਅੰਡਾ ਦੇਣਾ ਵਿਲੱਖਣਤਾ ਦਾ ਧਾਰਨੀ ਹੈ। ਸਾਹਿਤ ਵਿਚ ਵਿਲੱਖਣ ਤੱਤ ਹੀ ਕਥਾ ਰੂੜੀ ਬਣਦਾ ਹੈ। ਵਣਜਾਰਾ ਬੇਦੀ ਦੇ ਅਨੁਸਾਰ ਕੋਈ ਵਾਕੰਸ਼ ਉਦੋਂ ਤੱਕ ਮੁਹਾਵਰਾ ਨਹੀਂ ਬਣਦਾ ਜਦੋਂ ਤੱਕ ਉਹ ਕੋਈ ਵਿਲੱਖਣ ਅਰਥ ਗ੍ਰਹਿਣ ਨਹੀਂ ਕਰ ਲੈਂਦਾ। ਇਸੇ ਤਰਾਂ ਜੀਵਨ ਦੀ ਕੋਈ ਪ੍ਰਕ੍ਰਿਆ ਉਦੋਂ ਤੱਕ ਵਸਤੂ ਹੀ ਰਹਿੰਦੀ ਹੈ ਮੋਟਿਫ ਨਹੀਂ ਬਣਦੀ ਜਦੋਂ ਤੱਕ ਉਹ ਅਸਧਾਰਨ ਨਹੀਂ ਹੁੰਦੀ।[7]

ਪੰਜਾਬੀ ਕਥਾ ਸਾਹਿਤ ਵਿਚ ਕਥਾਨਕ ਰੂੜੀਆਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ:-

i). ਵਾਸਤਵਿਕ ਜਾਂ ਸੰਸਾਰਿਕ
ii). ਵਿਸ਼ਵਾਸਪਰਕ
iii). ਅਧਦੈਵਿਕ [8]

ਇਨਾਂ ਕਥਾਨਕ ਰੂੜੀਆਂ ਤੋਂ ਬਿਨਾਂ ਘਟਨਾ, ਪਾਤਰ, ਵਸਤੂ ਤੇ ਵਿਚਾਰਾਂ ਨਾਲ ਸਬੰਧਿਤ ਕਥਾਨਕ ਰੂੜੀਆਂ ਵੀ ਮਿਲਦੀਆਂ ਹਨ। ਕਥਾਨਕ ਰੂੜੀਆਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਕਿਸੇ ਨਿਗੁਣੀ ਜਿਹੀ ਜਾਤੀ ਕੋਲ ਹਜ਼ਾਰਾਂ ਦੀ ਸੰਖਿਆ ਵਿਚ ਕਥਾਨਕ ਰੂੜੀਆਂ ਹੋ ਸਕਦੀਆਂ ਹਨ। ਕਥਾਨਕ ਰੂੜੀਆਂ ਨੇ ਸਾਖੀ ਦੇ ਢਾਂਚੇ ਨੂੰ ਉਸਾਰਨ ਵਿਚ ਆਪਣਾ ਯੋਗਦਾਨ ਪਾਇਆ ਹੈ।

ਕਥਾਨਕ ਰੂੜੀਆਂ ਇਕ ਪਾਸੇ ਤਾਂ ਪਰੰਪਰਾ ਤੋਂ ਪ੍ਰਾਪਤ ਕੀਤੀਆਂ ਗਈਆਂ ਹਨ ਤੇ ਦੂਜੇ ਪਾਸੇ ਕਲਪਨਾ ਸ਼ਕਤੀ ਰਾਹੀਂ ਨਵੀਆਂ ਘਟਨਾਵਾਂ ਦੇ ਰੂਪ ਵਿਚ ਸਾਹਮਏ ਆਈਆਂ ਹਨ। ਜਨਮਸਾਖੀਆਂ ਵਿਚ ਜੋ ਕਥਾਨਕ ਰੂੜੀਆਂ ਪ੍ਰਾਪਤ ਹੁੰਦੀਆਂ ਹਨ ਉਹ ਮੁੱਖ ਤੌਰ ਤੇ ਕਰਾਮਾਤੀ ਤੇ ਮਿਥਿਕ ਪ੍ਰਭਾਵ ਵਾਲੀਆਂ ਹਨ। ਜਨਮਸਾਖੀਕਾਰਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸ਼ਖਸੀਅਤ ਦੀ ਪੇਸ਼ਕਾਰੀ ਅਤੇ ਇਸ ਦੀ ਡੂੰਘੀ ਛਾਪ ਲੋਕ ਜੀਵਨ ਉਤੇ ਅੰਕਿਤ ਕਰਨ ਲਈ ਲੋਕ ਮਨ ਵਿਚ ਪ੍ਰਚਲਿਤ ਵਿਸ਼ਵਾਸ਼ਾਂ ਨੂੰ ਆਧਾਰ ਬਣਾਇਆ ਹੈ।

ਅਸੀਂ ਇਸ ਪੇਪਰ ਵਿਚ ਕੇਵਲ ਪੁਰਾਤਨ ਜਨਮਸਾਖੀ ਵਿਚ ਆਉਂਦੀਆਂ ਕਥਾਨਕ ਰੂੜੀਆਂ ਦਾ ਹੀ ਅਧਿਐਨ ਕਰਾਂਗੇ। ਪੁਰਾਤਨ ਜਨਮਸਾਖੀ ਵਿਚ ਕੇਵਲ 57 ਸਾਖੀਆਂ ਦਰਜ ਹਨ। ਇਨਾਂ ਸਾਰੀਆਂ ਸਾਖੀਆਂ ਵਿਚ ਨਿੱਕੇ-ਨਿੱਕੇ 57 ਬਿਰਤਾਂਤਕ ਪਾਠ ਸ਼ਾਮਿਲ ਹਨ। ਕਥਾਨਕ ਰੂੜੀਆਂ ਦੇ ਪੱਖ ਤੋਂ ਪੁਰਾਤਨ ਜਨਮਸਾਖੀ ਦਾ ਬਹੁਤ ਮਹੱਤਵ ਹੈ। ਪੁਰਾਤਨ ਜਨਮਸਾਖੀ ਵਿਚ ਵਿਸਵਾਸਪਰਕ ਘਟਨਾਪਰਕ ਤੇ ਪਾਤਰਪਰਕ ਕਥਾਨਕ ਰੂੜੀਆਂ ਮਿਲਦੀਆਂ ਹਨ। ਇਨਾਂ ਸਾਰੀਆਂ ਸਾਖੀਆਂ ਵਿਚ ਗੁਰੂ ਜੀ ਦੇ ਜੀਵਨ ਕਾਲ ਸੰਬੰਧਿਤ ਕਈ ਕਰਾਮਾਤ ਤੇ ਚਮਤਕਾਰ ਜੋੜ ਦਿੱਤੇ ਗਏ ਹਨ। ਗੁਰੂ ਜੀ ਨੂੰ ਇਕ ਕਰਾਮਾਤੀ ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਹ ਹਰ ਅਸੰਭਵ ਚਮਤਕਾਰ ਕਰ ਦਿਖਾਉਂਦੇ ਹਨ ਭਾਵੇਂ ਗੁਰੂ ਜੀ ਦੀ ਵਿਚਾਰਧਾਰਾ ਇਨਾਂ ਚਮਤਕਾਰਾਂ ਦਾ ਵਿਰੋਧ ਕਰਦੀ ਹੈ।

ਜਨਮਸਾਖੀਆਂ ਵਿਚ ਕਥਾਨਕ ਰੂੜੀਆਂ ਦੀ ਵਰਤੋਂ ਦਾ ਮੁੱਖ ਉਦੇਸ਼ ਸਮੂਹਿਕ ਭਾਵਨਾ ਦੀ ਅਭਿਵਿਅਕਤੀ ਕਰਨਾ ਹੈ। ਲੋਕ ਮਾਨਸ ਨੇ ਜਨਮਸਾਖੀਆਂ ਵਿਚ ਗੁਰੂ ਜੀ ਦੀ ਸ਼ਖਸੀਅਤ ਨੂੰ ਕਰਾਮਾਤੀ ਤੇ ਮਿਥਕ ਰੂਪ ਵਿਚ ਪੇਸ਼ ਕੀਤਾ ਹੈ ਤੇ ਗੁਰੂ ਜੀ ਨੂੰ ਦੈਵੀ ਪੁਰਸ਼ ਸਿੱਧ ਕਰਨ ਲਈ ਉਨਾਂ ਨੂੰ ਅਨੋਖੀਆਂ ਸ਼ਕਤੀਆਂ ਦਾ ਮਾਲਕ ਬਣਾਇਆ ਹੈ ਜਿਵੇਂ ਦੁਨੀ ਚੰਦ ਨਿਸਤਾਰਾ ਵਾਲੀ ਸਾਖੀ ਵਿਚ ਦੁਨੀ ਚੰਦ ਨੂੰ ਸਰਾਧ ਕਰਨ ਲਈ ਜੰਗਲ ਵਿਚ ਭੇਜਦੇ ਹਨ ਉਥੇ ਦੁਨੀ ਚੰਦ ਨੂੰ ਉਸਦੇ ਪਿਤਾ ਜੀ ਮਿਲਦੇ ਹਨ ਜੋ ਤਿੰਨ ਦਿਨਾਂ ਤੋਂ ਭੁੱਖੇ ਸਨ। ਦੁਨੀ ਚੰਦ ਦੇ ਪਿਤਾ ਜੀ ਨੇ ਉਸਨੂੰ ਦੱਸਿਆ ਕਿ ਅੰਤਿਮ ਸਮੇਂ ਉਹ ਮੱਛੀ ਖਾਣ ਦੀ ਇਛਾ ਮਨ ਵਿਚ ਲਿਆਂਦੀ ਜਿਸ ਕਾਰਨ ਉਹ ਬਘਿਆੜ ਬਣ ਗਏ। ਇਸ ਤਰਾਂ ਦੀ ਵਿਸ਼ਵਾਸਪਰਕ ਰੂੜੀ ਪੁਰਾਤਨ ਜਨਮਸਾਖੀ ਵਿਚ ਮਿਲਦੀ ਹੈ। ਕੁਝ ਜਨਮਸਾਖੀਆਂ ਅਜਿਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਕਲਪਨਾ ਤੇ ਵਿਸ਼ਵਾਸ ਦੋਵੇਂ ਰੂੜੀਆਂ ਦਾ ਸੁਮੇਲ ਮਿਲਦਾ ਹੈ। ਮੋਹਰਾ ਦੇ ਕੋਲੇ ਤੇ ਸੂਲੀ ਦੀ ਸੂਲ ਵਾਲੀ ਸਾਖੀ ਵਿਚ ਪਿਛਲੇ ਜਨਮਾਂ ਦੇ ਕਰਮਾਂ ਦੇ ਫਲ ਨੂੰ ਇਸ ਜਨਮ ਦੇ ਕਰਮਾਂ ਦੇ ਫਲ ਨਾਲ ਜੋੜ ਕੇ ਕਰਮਾਂ ਦੇ ਫਲ ਦੀ ਅਹਿਮੀਅਤ ਨੂੰ ਦ੍ਰਿੜ ਕਰਵਾਇਆ ਗਿਆ ਹੈ। ਇਸ ਵਿਸ਼ਵਾਸ਼ ਤੇ ਅਧਾਰਿਤ ਸਾਖੀ ਦਾ ਪ੍ਰਭਾਵ ਮਿਥਿਕ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ। ਕਈ ਵਾਰ ਵਿਸ਼ਵਾਸ ਸੁਭਾਵਕ ਤੇ ਯਥਾਰਥਕ ਪ੍ਰਕ੍ਰਿਤੀ ਦਾ ਵੀ ਧਾਰਨੀ ਹੁੰਦਾ ਹੈ। ਜਿਵੇਂ ਸੁਲਤਾਨਪੁਰ ਵਾਲੀ ਸਾਖੀ ਵਿਚ ਗੁਰੂ ਜੀ ਦੀ ਧਰਤੀ ਦੀ ਉਪਰਾਮਤਾ ਤੇ ਇਕ ਵੈਰਾਗੀ ਬਾਲਕ ਵਾਲੀ ਸਾਖੀ ਵਿਚ ਜਦੋਂ ਬਾਲਕ ਦੀ ਮਾਂ ਉਸ ਨੂੰ ਅੱਗ ਬਾਲਣ ਲਈ ਕਹਿੰਦੀ ਹੈ ਤਾਂ ਪਹਿਲਾਂ ਛੋਟੀਆਂ ਲੱਕੜੀਆਂ ਨੂੰ ਅੱਗ ਲੱਗਦੀ ਹੈ ਤੇ ਮਗਰੋਂ ਵੱਡੀਆਂ ਨੂੰ। ਇਸ ਤੋਂ ਬਾਲਕ ਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਮਨੁੱਖ ਹੋਸ਼ ਸੰਭਾਲਦੇ ਹੀ ਪ੍ਰਮਾਤਮਾ ਦੇ ਨਾਮ ਦਾ ਜਾਪ ਕਰਨਾ ਸ਼ੁਰੂ ਕਰ ਦੇਵੇ ਇਕ ਪਲ ਵੀ ਵਿਅਰਥ ਨਾ ਕਰੇ। ਮੌਤ ਦਾ ਕੋਈ ਭਰੋਸਾ ਨਹੀਂ ਕਦੋਂ ਆ ਜਾਣੀ ਹੈ। ਇਸ ਤਰਾਂ ਬਣੇ ਸੁਭਾਵਕ ਢੰਗ ਨਾਲ ਜੀਵਨ ਦਾ ਗਿਆਨ ਤੇ ਜੀਵਨ ਦੀ ਸੂਝ ਬੂਝ ਨੂੰ ਸਾਖੀ ਵਿਚ ਪੇਸ਼ ਕੀਤਾ ਗਿਆ ਹੈ।

ਵਿਸ਼ਵਾਸਪਰਕ ਕਥਾਨਕ ਰੂੜੀਆਂ ਤੋਂ ਬਿਨਾਂ ਘਟਨਾਪਰਕ ਕਥਾਨਕ ਰੂੜੀਆਂ ਵੀ ਪੁਰਾਤਨ ਜਨਮਸਾਖੀ ਵਿਚ ਮਿਲਦੀਆਂ ਹਨ। ਮਹਾਂਪੁਰਸ਼ਾਂ ਦੇ ਜੀਵਨ ਵਿਚ ਘਟਨ ਵਾਲੀਆਂ ਛੋਟੀਆਂ ਵੱਡੀਆਂ ਘਟਨਾਵਾਂ ਬੜੇ ਡੂੰਘੇ ਅਰਥ ਰੱਖਦੀਆਂ ਹਨ। ਪੁਰਾਤਨ ਜਨਮਸਾਖੀਆਂ ਵਿਚਲੀਆਂ ਘਟਨਾਪਰਕ ਕਥਾਨਕ ਰੂੜੀਆਂ ਦੀ ਗੱਲ ਕਰੀਏ ਤਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਇਕ ਅਲੌਕਿਕ ਪ੍ਰਕਾਰ ਦਾ ਘਟਨਾਪਰਕ ਵਾਤਾਵਰਣ ਸਿਰਜਿਆ ਗਿਆ ਹੈ। ਅਵਤਾਰ ਬਾਲਪਨ ਵਾਲੀ ਸਾਖੀ ਵਿਚ ਦੇਵੀ ਦੇਵਤੇ ਬੀਰ, ਚਓਸਠ ਜੋਗੀ ਚੋਰਾਸੀ ਸਿੱਧ ਨੌਂ ਨਾਥ ਆਦਿ ਪ੍ਰਕਿਤੀ ਤੇ ਸੰਸਾਰਕ ਸ਼ਕਤੀਆਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੇ ਜੀ ਆਇਆ ਆਖਦੀਆਂ ਹਨ। ਇਸ ਤੋਂ ਬਿਨਾਂ ਪਾਂਧੇ ਕੋਲ ਪੜਨ ਜਾਣ ਦੀ ਸਾਖੀ, ਮੱਝਾਂ ਚਾਰਨਾ, ਬੀਮਾਰ ਪੈਣ ਤੇ ਵੈਦ ਦਾ ਆਉਣਆ ਤੇ ਮੋਦੀਖਾਨੇ ਵਿਚ ਨੌਕਰੀ ਤੇ ਉਦਾਸੀਆਂ ਤੇ ਜਾਣਾ ਆਦਿ ਸਾਖੀਆਂ ਵਿਚ ਕਥਾਨਕ ਰੂੜੀਆਂ ਵਿਚ ਉਨਾਂ ਦੇ ਜੀਵਨ ਦੇ ਕੁਝ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ।

ਜਨਮਸਾਖੀਆਂ ਵਿਚ ਕਈ ਅਜਿਹੀਆਂ ਘਟਨਾਵਾਂ ਵੀ ਆਈਆਂ ਹਨ ਜੋ ਹੋਰਾਂ ਧਰਮਾਂ ਦੇ ਮਹਾਂਪੁਰਸ਼ਾਂ ਤੇ ਆਗੂਆਂ ਨਾਲ ਵਾਪਰਦੀਆਂ ਹਨ। ਅਜਿਹੀਆਂ ਜਨਮਸਾਖੀਆਂ ਦਾ ਮੁੱਖ ਉਦੇਸ਼ ਗੁਰੂ ਜੀ ਦੇ ਬਾਕੀ ਧਾਰਮਿਕ ਆਗੂਆਂ ਨਾਲ ਜਿਆਦਾ ਸ਼੍ਰੇਸ਼ਠ ਤੇ ਸ਼ਕਤੀਸ਼ਾਲੀ ਸਿੱਧ ਕਰਦਾ ਹੈ ਜਿਵੇਂ ਗੁਰੂ ਜੀ ਦਾ ਮੇਲ ਅਜਿਹੇ ਧਾਰਮਿਕ ਆਗੂਆਂ ਨਾਲ ਕਰਵਾਇਆ ਗਿਆ ਹੈ ਜੋ ਉਨਾਂ ਦੇ ਸਮਕਾਲੀ ਨਹੀਂ ਸਨ। ਇਹ ਘਟਨਾਵਾਂ ਕਾਫੀ ਹੱਦ ਤੱਕ ਕਾਲਪਨਿਕ ਹਨ। ਘਟਨਾਪਰਕ ਕਥਾਨਕ ਰੂੜੀਆਂ ਜਿਆਦਾਤਰ ਕਰਾਮਾਤੀ ਤੇ ਮਿਥਿਕ ਰੂਪ ਵਿਚ ਮਿਲਦੀਆਂ ਹਨ। ਪੁਰਾਤਨ ਜਨਮਸਾਖੀ ਵਿਚ ਬ੍ਰਿਛ ਦੀ ਛਾਂ ਨਾ ਫਿਰੀ, ਦਿੱਲੀ ਹਾਥੀ ਮੋਇਆ ਜਿਵਾਇਆ, ਖੇਤ ਹਰਿਆ ਨੂਰਸਾਹ ਨਿਸਤਾਰਾ ਆਦਿ ਸਾਖੀਆਂ ਇਸ ਦੇ ਅੰਤਰਗਤ ਆਉਂਦੀਆਂ ਹਨ। ਦਿਲੀ ਹਾਥੀ ਮੋਇਆ ਜਿਵਾਇਆ ਵਾਲੀ ਸਾਖੀ ਘਟਨਾਪਰਕ ਕਰਾਮਾਤੀ ਰੂੜੀ ਵਿਚ ਦੇਖਿਆ ਜਾ ਸਕਦਾ ਹੈ ਕਿ ਗੁਰੂ ਜੀ ਪ੍ਰਮਾਤਮਾ ਦੀ ਮਿਹਰ ਸਦਕਾ ਮੁਹਾਵਤ ਪਰਿਵਾਰ ਦੇ ਰੁਜਗਾਰ ਦੇ ਸਾਧਨ ਹਾਥੀ ਨੂੰ ਜਿੰਦਾ ਕਰ ਦੇਦੇ ਹਨ ਪਰ ਫਿਰ ਉਸ ਨੂੰ ਮਾਰ ਦਿੰਦੇ ਹਨ। ਇਸ ਸਾਖੀ ਵਿਚ ਗੁਰੂ ਜੀ ਇਹ ਦੱਸਣਾ ਚਾਹੁੰਦੇ ਹਨ ਕਿ ਮਾਰਨ ਤੇ ਜੀਵਨ ਦੇਣ ਵਾਲਾ ਉਹ ਪ੍ਰਮਾਤਮਾ ਹੈ। ਉਸਦੇ ਨਾਮ ਨਾਲ ਤੇ ਫਕੀਰਾਂ ਦੀਆਂ ਦੁਆਵਾਂ ਨਾਲ ਗੁਰੂ ਜੀ ਕਰਾਮਾਤ ਕਰ ਦਿਖਾਉਂਦੇ ਹਨ। ਨੂਰਸਾਹ ਨਿਸਤਾਰਾ ਵਾਲੀ ਸਾਖੀ ਵਿਚ ਜਾਦੂਗਰ ਇਸਤਰੀ ਜਾਦੂ ਨਾਲ ਮਰਦਾਨੇ ਨੂੰ ਭੇਡੂ ਬਣਾ ਦਿੰਦੀ ਹੈ। ਮਰਦਾਨੇ ਨੂੰ ਭੇਡੂ ਬਣਾਉਣ ਤੋਂ ਬਾਦ ਜਾਦੂਗਰ ਇਸਤਰੀ ਪਾਣੀ ਲੈਣ ਜਾਂਦੀ ਹੈ। ਇਥੇ ਗੁਰੂ ਜੀ ਦੇ ਦੈਵੀ ਚਰਿੱਤਰ ਨੂੰ ਪੇਸ਼ ਕੀਤਾ ਗਿਆ ਹੈ। ਜਦੋਂ ਗੁਰੂ ਜੀ ਘਟਨਾ ਸਥਾਨ ਤੇ ਪਹੁੰਚਦੇ ਹਨ ਤਾਂ ਜਾਦੂਗਰ ਇਸਤਰੀ ਨੂੰ ਮਰਦਾਨੇ ਬਾਰੇ ਪੁੱਛਦੇ ਹਨ ਪਰ ਇਸਤਰੀ ਨਾਹ ਵਿਚ ਉਤਰ ਦਿੰਦੀ ਹੈ। ਗੁਰੂ ਜੀ ਆਖਦੇ ਹਨ ਕਿ ਝੂਠ ਫਰੇਬਾ ਦਾ ਵਣਜ ਕਰਨ ਵਾਲਿਆਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਜੀ ਦੇ ਇਹ ਬਚਨ ਬੋਲਣ ਤੋਂ ਬਾਦ ਜਾਦੂਗਰ ਇਸਤਰੀ ਦੇ ਸਿਰ ਨਾਲ ਘੜਾ ਜੁੜ ਜਾਂਦਾ ਹੈ ਤੇ ਗੁਰੂ ਜੀ ਦੇ ਹੁਕਮ ਨਾਲ ਹੀ ਘੜਾ ਸਿਰ ਤੋਂ ਉਤਰਦਾ ਹੈ। ਇਹ ਘਟਨਾ ਗੁਰੂ ਜੀ ਦੀ ਕਰਾਮਾਤੀ ਸ਼ਕਤੀ ਨੂੰ ਲੋਕ ਮਨਾ ਵਿਚ ਦ੍ਰਿੜ ਕਰਵਾਉਂਦੀ ਹੈ।

ਜਨਮਸਾਖੀ ਸਾਹਿਤ ਵਿਚ ਪਾਤਰਾ ਦਾ ਵਿਸ਼ੇਸ਼ ਸਥਾਨ ਹੈ। ਜਨਮਸਾਖੀ ਦੇ ਨਾਇਕ ਨਾਲ ਜਾ ਬਾਕੀ ਪਾਤਰਾਂ ਨਾਲ ਜੋ ਵੀ ਪਰੰਪਰਾਗਤ ਮਿਥਿਕ ਜਾਂ ਯਥਾਰਥਕ ਰੂੜੀਆਂ ਸੰਬੰਧਿਤ ਹਨ ਉਹ ਪਾਤਰ ਚਿਤਰਨ ਨੂੰ ਬੜੇ ਸਪੱਸ਼ਟ ਰੂਪ ਵਿਚ ਪੇਸ਼ ਕਰਦੀਆਂ ਹਨ। ਜਿਵੇਂ ਕਲਯੁੱਗ ਵਾਲੀ ਸਾਖੀ ਵਿਚ ਕਲਯੁੱਗ ਦਾ ਚਿਤਰਨ ਇਕ ਮਿਥਿਕ ਵਿਅਕਤੀ ਦੇ ਰੂਪ ਵਿਚ ਹੋਇਆ ਹੈ। ਇਸ ਸਾਖੀ ਵਿਚ ਲੋਕ ਵਿਸਵਾਸ ਦੀ ਭਾਵਨਾ ਦੇ ਅਧੀਨ ਗੁਰੂ ਜੀ ਨੂੰ ਦੈਵੀ ਤੇ ਮਿਥਿਕ ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸਾਖੀ ਵਿਚ ਕਲਯੁੱਗ ਕਦੇ ਹਨੇਰੀ ਦਾ ਰੂਪ, ਕਦੇ ਅਗਨੀ ਦਾ ਕਦੇ ਪਾਣੀ, ਕਦੇ ਦੈਤ ਤੇ ਕਦੇ ਮਨੁੱਖੀ ਰੂਪ ਵਿਚ ਆਉਂਦਾ ਹੈ। ਮਰਦਾਨਾ ਕਲਯੁੱਗ ਦਾ ਰੂਪ ਦੇਖ ਕੇ ਘਬਰਾਉਂਦਾ ਹੈ ਪਰ ਗੁਰੂ ਜੀ ਸਹਿਜ ਹੀ ਰਹਿੰਦੇ ਹਨ। ਸਾਖੀ ਦੇ ਅੰਤ ਵਿਚ ਕਲਯੁਗ ਆਪਣੀ ਸਾਰੀ ਸ਼ਕਤੀ ਸਮੇਤ ਗੁਰੂ ਜੀ ਦੇ ਸਾਹਮਣੇ ਝੁਕਦਾ ਹੈ ਤੇ ਮੁਕਤੀ ਪ੍ਰਾਪਤ ਕਰਨ ਲਈ ਅਰਦਾਸ ਕਰਦਾ ਹੈ। ਇਸ ਤਰਾਂ ਹੋਰ ਸਾਖੀਆਂ ਵਿਚ ਗੁਰੂ ਜੀ

ਦੇ ਵਿਅਕਤਿਤ ਵਿਚ ਪ੍ਰਕਿਰਤ ਤੇ ਸਮਾਜਕ ਵਾਤਾਵਰਨ ਉਨਾਂ ਦੇ ਸਹਾਇਕ ਰੂਪ ਵਿਚ ਪੇਸ਼ ਹੋਇਆ ਹੈ ਜਿਵੇਂ ਵੇਂਈ ਨਦੀਂ ਦੇ ਪਾਣੀ ਵਿਚ ਡੁਬ ਕੇ ਗੁਰੂ ਜੀ ਪ੍ਰਮਾਤਮਾ ਦੇ ਦਰਬਾਰ ਵਿਚ ਚਲੇ ਜਾਂਦੇ ਹਨ। ਇਸ ਕਥਾਨਕ ਰੂੜੀ ਨਾਲ ਉਨਾਂ ਦੀ ਸ਼ਖਸੀਅਤ ਵਿਚ ਬੜੀ ਵੱਡੀ ਤਬਦੀਲੀ ਦਿਖਾਈ ਗਈ ਹੈ। ਇਥੇ ਗੁਰੂ ਜੀ ਪ੍ਰਮੇਸ਼ਰ ਦਾ ਦਰਜਾ ਪ੍ਰਾਪਤ ਹੋਇਆ। ਅਵਤਾਰ ਬਾਲਪਨ, ਪੱਟੀ, ਪਾਧਾ, ਕੁੜਮਾਈ, ਵਿਆਹ, ਖੇਤ ਹਰਿਆ ਬ੍ਰਿਛ ਦੀ ਛਾ ਨਾ ਫਿਰੀ, ਖੇਤੀ ਵਣਜ ਸੌਦਾਗਰੀ ਚਾਕਰੀ, ਵੈਦ ਸੁਲਤਾਨਪਰੁ ਦੀ ਤਯਾਰੀ, ਮੋਦੀਖਾਨਾ ਸੰਭਾਲਿਆ ਵੇਈ ਪ੍ਰਵੇਸ਼ ਅਤੇ ਪੰਜ ਉਦਾਸੀਆਂ ਵਾਲੀਆਂ ਸਾਖੀਆਂ ਵਿਚਲੀਆਂ ਕਥਾਨਕ ਰੂੜੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਕਾਸ ਦੀ ਯਾਤਰਾ ਨੂੰ ਪੇਸ਼ ਕਰਦੀਆਂ ਹਨ।

ਜਨਮਸਾਖੀਆਂ ਵਿਚ ਨਾਇਕ ਤੋਂ ਬਿਨਾ ਅਨੇਕਾਂ ਪਾਤਰ ਹਨ ਜਿਵੇਂ ਮਰਦਾਨਾ ਇਕ ਸਧਾਰਨ ਬੁਧੀ ਵਾਲਾ ਪਾਤਰ ਹੈ। ਉਹ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਸੰਕਿਆ ਨਾਲ ਸੰਬੰਧਿਤ ਪ੍ਰਸ਼ਨ ਕਰਦਾ ਹੈ ਤੇ ਗੁਰੂ ਜੀ ਉਸਦੇ ਸੰਕਿਆ ਦਾ ਉਤਰ ਦੇ ਕੇ ਮਾਰਗ ਦਰਸ਼ਕ ਕਰਦੇ ਹਨ। ਮਰਦਾਨੇ ਤੋਂ ਬਿਨਾ ਭਗੀਰਥ ਮਨਮੁਖ ਸਿਵਨਾਥ ਆਦਿ ਗੁਰੂ ਜੀ ਨੂੰ ਉਦਾਸੀਆਂ ਸਮੇਂ ਮਿਲੇ। ਇਸ ਦੇ ਨਾਲ ਹੀ ਨਾਥ ਜੋਗੀ ਵੀ ਮਿਲੇ ਤੇ ਨਾਲ ਹੀ ਗੁਰੂ ਜੀ ਦਾ ਮੰਤਵ ਧਾਰਮਿਕ ਤੇ ਸਮਾਜ ਸੁਧਾਰਕਾ ਤੋਂ ਬਿਨਾ ਰਾਜ ਸਤਾ ਵਾਲੀਆਂ ਨਾਲ ਵੀ ਸੰਵਾਦ ਦਖਾਇਆ ਗਿਆ ਹੈ। ਗੁਰੂ ਜੀ ਆਪਣੇ ਬਚਨਾਂ ਨਾਲ ਸਭ ਦੇ ਭਾਗ ਬਦਲ ਦਿੰਦੇ ਹਨ।

ਇਨਾਂ ਕਥਾਨਕ ਰੂੜੀਆਂ ਤੋਂ ਬਿਨ੍ਹਾਂ ਕੁਝ ਅਜਿਹੀਆਂ ਕਥਾਨਕ ਰੂੜੀਆਂ ਵੀ ਪੁਰਾਤਨ ਜਨਮਸਾਖੀ ਵਿਚ ਮਿਲਦੀਆਂ ਹਨ ਜਿਨ੍ਹਾਂ ਤੋਂ ਉਸ ਸਮੇਂ ਦੇ ਕੰਮ ਧੰਦਿਆਂ ਦਾ ਪਤਾ ਚਲਦਾ ਹੈ ਜਿਵੇਂ ਗੁਰੂ ਜੀ ਦੇ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿਚ ਨੌਕਰੀ ਕਰਨਾ ਉਸੇ ਤਰਾਂ ਕਈ ਬੰਦੇ ਲੁੱਟ ਮਾਰ ਦਾ ਕੰਮ ਕਰਦੇ ਹਨ। ਸੱਜਣ ਠੱਗ ਵਾਲੀ ਸਾਖੀ ਤੇ ਦੇਸ ਦੇ ਕਈ ਭਾਗਾਂ ਵਿਚ ਲੋਕ ਜਾਦੂ ਟੂਣਾ ਵੀ ਕਰਦੇ ਹਨ ਜਿਵੇਂ ਨੂਰਸ਼ਾਹ ਦਾ ਨਿਸਤਾਰਾ ਤੇ ਕੀੜ ਨਗਰ ਵਾਲੀ ਸਾਖੀ। ਇਨਾਂ ਰੂੜੀਆਂ ਨੂੰ ਮੁਖ ਤੌਰ ਤੇ ਕਾਲਪਨਿਕ ਰੰਗਤ ਪ੍ਰਾਪਤ ਹੈ।

ਇਸ ਤੋਂ ਬਿਨਾਂ ਅੰਕਾਂ ਨਾਲ ਸੰਬੰਧਿਤ ਵੀ ਕਥਾਨਕ ਰੂੜੀਆਂ ਪੁਰਾਤਨ ਜਨਮਸਾਖੀ ਵਿਚ ਮਿਲਦੀਆਂ ਹਨ। ਇਨਾਂ ਅੰਕਾਂ ਨਾਲ ਸੰਬੰਧਿਤ ਰਹੱਸਾ ਨਾਲ ਕੋਈ ਵਿਸ਼ਵਾਸ ਜੁੜੇ ਹੋਏ ਹਨ। ਪੁਰਾਤਨ ਜਨਮਸਾਖੀ ਵਿਚ 33 ਕਰੋੜ ਦੇਵਤਿਆਂ 64 ਜੋਗੀਆਂ 52 ਬੀਰ ਤੇ ਜਤੀਆਂ ਚੋਰਾਸੀ ਸਿਧਾ ਤੇ ਨਾਥਾ ਦਾ ਜਿਕਰ ਆਉਂਦਾ ਹੈ। ਹਿੰਦੂ ਪਰੰਪਰਾ ਵਿਚ 33 ਕਰੋੜ ਦੇਵੀ ਦੇਵਤੇ ਹਨ, ਨੌਂ ਦੇ ਅੰਕ ਨਾਲ ਵੀ ਪੁਰਾਤਨ ਜਿਵੇਂ ਨੌਂ ਨਰਾਤੇ, ਨੌਂ ਗ੍ਰਹਿ, ਨੌਂ ਖੰਡ। ਇਸੇ ਤਰਾਂ ਚੌਰਾਸੀ ਦਾ ਅੰਕ ਹਿੰਦੂ ਤੇ ਸਿਖਾ ਵਿਚ ਸੁਭ ਮੰਨਿਆ ਜਾਂਦਾ ਹੈ। ਇਸੇ ਤਰਾਂ ਅੰਕਾਂ ਨਾਲ ਸੰਬੰਧਿਤ ਸਾਖੀ ਬਿਸੀਅਰ ਦੇਸ ਝੰਡਾ ਬਾਢੀ ਜੁਗਾਵਲੀ ਵਾਲੀ ਸਾਖੀ ਵਿਚ ਦੇਖਿਆ ਜਾ ਸਕਦਾ ਹੈ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਨਮਸਾਖੀਆਂ ਦੀਆਂ ਕਥਾਨਕ ਰੂੜੀਆਂ ਦੇ ਅਧਿਐਨ ਤੋਂ ਉਸ ਸਮੇਂ ਦੇ ਸਮਾਜ ਦੀ ਪੂਰਨ ਤਸਵੀਰ ਦਿਖਾਈ ਦਿੰਦੀ ਹੈ। ਵੱਖ-ਵੱਖ ਲੋਕਾਂ ਦੇ ਘਟਨਾ ਕ੍ਰਮ ਤੋਂ ਉਸ ਸਮੇਂ ਦੇ ਸਭਿਆਚਾਰ ਪੱਖਾਂ ਦੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਦੇ ਸਮਾਜ ਵਿਚ ਲੋਕ ਪੀਰਾਂ ਫਕੀਰਾਂ ਦੀ ਬੜੀ ਕਦਰ ਕਰਦੇ ਹਨ ਤੇ ਸਮੇਂ ਦੇ ਹਾਕਮ ਵੀ ਉਨਾਂ ਦਾ ਸਤਿਕਾਰ ਕਰਦੇ ਸਨ। ਪੁਰਾਤਨ ਜਨਮਸਾਖੀ ਵਿਚ ਹੀ ਇਹ ਜਾਣਕਾਰੀ ਮਿਲਦੀ ਹੈ ਕਿ ਬਾਬਰ ਨੇ ਗੁਰੂ ਜੀ ਦੇ ਕਹਿਣ ਤੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ ਸੀ। ਜਨਮਸਾਖੀਆਂ ਦਾ ਮੁੱਖ ਉਦੇਸ਼ ਗੁਰੂ ਜੀ ਦਾ ਆਦਰਸ਼ ਜੀਵਨ ਪੇਸ਼ ਕਰਨਾ ਸੀ। ਵੱਖ-ਵੱਖ ਥਾਵਾਂ ਤੋਂ ਜਾ ਕੇ ਲੋਕਾਂ ਨੂੰ ਜੀਵਨ ਦਾ ਉਦੇਸ਼ ਸਮਝਾਉਣਾ ਸੀ। ਇਸ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਜਨਮਸਾਖੀਆਂ ਲੋਕ ਸਭਿਆਚਾਰ ਦਾ ਵੱਡਮੁੱਲਾ ਸਰਮਾਇਆ ਹਨ।

## ਹਵਾਲੇ


1. ਰਾਜਬੀਰ ਕੌਰ, ਡਾ., ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ ਸਿਧਾਂਤ ਤੇ ਵਿਹਾਰ, ਪੰਨਾ-9
2. ਰਤਨ ਸਿੰਘ ਜੱਗੀ, ਡਾ., ਪੁਰਾਤਨ ਪੰਜਾਬੀ ਵਾਰਤਕ ਸਰੂਪ ਅਤੇ ਸਮੀਖਿਆ, ਪੰਨਾ-10
3. ਰਤਨ ਸਿੰਘ ਜੱਗੀ, ਡਾ., ਗੁਰੂ ਨਾਨਕ: ਜੀਵਨੀ ਅਤੇ ਵਿਅਕਤ੍ਰਿਤ, ਪੰਨਾ-24
4. ਉਹੀ, ਪੰਨਾ-21
5. ਵਣਜਾਰਾ ਬੇਦੀ, ਮਧਕਾਲੀ ਕਥਾ ਰੂਪ ਤੇ ਪਰੰਪਰਾ, ਪੰਨਾ-25
6. Standard Dictionary of Folklore, mythology and Legend (Ed. Maria Leach) Vol-11, P-753
7. ਸਭਿਆਚਾਰਕ ਪ੍ਰਤੀਕਾ, ਅੰਕ 8, ਪੰਨਾ-6
8. ਵਣਜਾਰਾ ਬੇਦੀ, ਮਧਕਾਲੀ ਕਥਾ ਰੂਪ ਤੇ ਪਰੰਪਰਾ, ਪੰਨਾ-24-25।